Vancouver Coastal Health

Providence HEALTH CARE

Punjabi

# ਕੈਂਗਰੂ ਜੋਈ ਪੰਪ ਨਾਲ ਟਿਊਬ ਰਾਹੀਂ ਖਾਣਾ ਲੈਣਾ: ਬੰਦ ਸਿਸਟਮ
# Tube Feeding by Kangaroo Joey Pump: Closed System

## ਸ਼ੁਰੂ ਕਰਨ ਲਈ To start

ਕਿਰਪਾ ਕਰਕੇ ਤੁਹਾਡੀ/ਤੁਹਾਡੇ ਡਾਈਟੀਸ਼ਨ ਵੱਲੋਂ **ਤੁਹਾਡੇ ਲਈ ਦਿੱਤੀ ਫੀਡਿੰਗ ਪਲੈਨ** ਨੂੰ ਕੋਲ ਰੱਖੋ; ਇਸ ਸਾਰੀ ਲਿਖਤ ਵਿੱਚ ਦੀ ਜਾਣ ਸਮੇਂ ਤੁਸੀਂ ਵਾਰ ਵਾਰ ਇਸ ਨੂੰ ਦੇਖੋਗੇ। ਪਹਿਲਾਂ ਇਸ ਅਮਲ ਦੀ ਸਮੁੱਚੀ ਸਮਝ ਬਣਾਉਣ ਲਈ ਇਸ ਲਿਖਤ ਦੇ ਅਖੀਰ `ਤੇ ਦਿੱਤੀਆਂ ਵੀਡੀਓ ਨੂੰ ਦੇਖਣਾ ਫਾਇਦੇਮੰਦ ਹੋ ਸਕਦਾ ਹੈ।

## ਸੈੱਟ ਕਰਨਾ Set Up



1. ਆਪਣੇ ਹੱਥਾਂ ਨੂੰ ਸਾਬਣ ਅਤੇ ਨਿੱਘੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।
2. ਲੋੜ ਵਾਲੀਆਂ ਵਸਤਾਂ (ਸਪਲਾਈਆਂ) ਨੂੰ ਸਾਫ ਥਾਂ `ਤੇ ਇਕੱਠੀਆਂ ਕਰੋ।
   - ਕੈਂਗਰੂ ਜੋਈ ਪੰਪ
   - ਫਾਰਮੂਲਾ
   - ਕੈਂਗਰੂ ਜੋਈ ਸਪਾਈਕ ਸੈੱਟ
   - 50 ਤੋਂ 60 ਮਿਲੀਲੀਟਰ ਦੀ ਸਰਿੰਜ
   - ਫਲੱਸ਼ ਕਰਨ ਲਈ ਕਮਰੇ ਦੇ ਟੈਂਪਰੇਚਰ `ਤੇ ਪਾਣੀ
   - ਫੀਡਿੰਗ ਸੈੱਟ ਨੂੰ ਲਟਕਾਉਣ ਲਈ ਆਈ ਵੀ ਦਾ ਪੋਲ ਜਾਂ ਹੁੱਕ
3. ਬਣਾਉਣ ਵਾਲੇ ਦੀਆਂ ਹਿਦਾਇਤਾਂ ਜਾਂ ਤੁਹਾਡੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਦੀਆਂ ਸਿਫਾਰਿਸ਼ਾਂ ਅਨੁਸਾਰ ਆਪਣੀ ਫੀਡਿੰਗ ਟਿਊਬ ਦੀ ਪਲੇਸਮੈਂਟ ਚੈੱਕ ਕਰੋ।

## ਫੀਡਿੰਗ ਸੈੱਟ ਅਤੇ ਪੰਪ ਨੂੰ ਤਿਆਰ ਕਰੋ Prepare the Feeding Set and Pump

1. ਫਾਰਮੂਲਾ ਕਮਰੇ ਦੇ ਟੈਂਪਰੇਚਰ `ਤੇ ਹੋਣਾ ਚਾਹੀਦਾ ਹੈ
2. ਫਾਰਮੂਲੇ ਦੀ ਮਿਆਦ ਖਤਮ ਹੋਣ ਦੀ ਤਰੀਕ (ਐਕਸਪਾਇਰੀ ਡੇਟ) ਚੈੱਕ ਕਰੋ। ਮਿਆਦ ਖਤਮ ਹੋਈ ਵਾਲਾ ਫਾਰਮੂਲਾ ਨਾ ਵਰਤੋ।
3. ਫਾਰਮੂਲੇ ਵਾਲੇ ਬੈਗ ਨੂੰ ਚੰਗੀ ਤਰ੍ਹਾਂ ਹਿਲਾਉ।
4. ਫਾਰਮੂਲੇ ਵਾਲੇ ਬੈਗ ਦੀ ਪੋਰਟ ਢਕਣ ਵਾਲੇ ਜ਼ਾਮਨੀ ਢੱਕਨ ਨੂੰ ਲਾਹੋ ਅਤੇ ਫਾਰਮੂਲੇ ਵਾਲੇ ਬੈਗ ਨੂੰ ਸਾਫ ਥਾਂ `ਤੇ ਰੱਖੋ। ਸਪਾਈਕ ਸੈੱਟ ਤੋਂ ਉਸ ਨੂੰ ਸੁਰੱਖਿਅਤ ਰੱਖਣ ਵਾਲਾ ਢੱਕਣ ਲਾਹੋ। ਲਾਗ ਲੱਗਣ ਤੋਂ ਬਚਾਅ ਕਰਨ ਲਈ ਸਾਵਧਾਨੀ ਵਰਤੋ। **ਆਪਣੇ ਹੱਥਾਂ ਨਾਲ ਪੋਰਟ ਜਾਂ ਸਪਾਈਕ ਨੂੰ ਨਾ ਛੋਹੋ।**

5. ਫਾਰਮੂਲੇ ਵਾਲੇ ਬੈਗ ਦੀ ਪੋਰਟ ਦੇ ਥੱਲੇ ਨੂੰ ਫੜ ਕੇ, ਸਪਾਈਕ ਦੇ ਸਿਰੇ ਨੂੰ ਸਿੱਧਾ ਪੋਰਟ ਵਿੱਚ ਪਾਉ। ਸਪਾਈਕ ਦੇ ਢੱਕਣ ਨੂੰ ਸੱਜੇ ਪਾਸੇ ਨੂੰ (ਘੜੀ ਦੀ ਸੂਈ ਜਾਣ ਦੀ ਸੇਧ ਵਿੱਚ) ਘੁਮਾਉ ਜਦੋਂ ਤੱਕ ਉਹ ਚੰਗੀ ਤਰ੍ਹਾਂ ਲੱਗ ਨਾ ਜਾਵੇ।

6. ਫਾਰਮੂਲੇ ਵਾਲੇ ਬੈਗ ਨੂੰ ਆਈ ਵੀ ਪੋਲ `ਤੇ ਟੰਗੋ। ਪੰਪ ਦੇ ਸਹੀ ਕੰਮ ਕਰਨ ਲਈ, ਇਹ ਪੱਕਾ ਕਰੋ ਕਿ ਬੈਗ ਵਿੱਚ ਫਾਰਮੂਲੇ ਦਾ ਸਿਖਰਲਾ ਪੱਧਰ ਪੰਪ ਦੇ ਸਿਰੇ ਨਾਲੋਂ 15 ਸੈਂਟੀਮੀਟਰ (6 ਇੰਚ) ਉੱਚਾ ਹੈ।

7. ਫੀਡਿੰਗ ਸੈੱਟ ਨੂੰ ਲੋਡ ਕਰਨ ਲਈ ਨੀਲੇ ਪੰਪ ਦਾ ਮੂੰਹ ਖੋਲ੍ਹੋ। ਚਿੱਟੇ ਰਿੰਗ ਵਾਲਵ ਉਤਲੀ ਅੰਗੂਠੇ (ਥੰਬ) ਵਾਲੀ ਟੈਬ ਨੂੰ ਫੜੋ ਅਤੇ ਉਸ ਝਿਰੀ ਵਿੱਚ ਪਾਉ ਜਿਹੜੀ ਨੀਲੇ ਦਰਵਾਜ਼ੇ ਦੇ ਮੂੰਹ ਦੀ ਸੇਧ ਵਿੱਚ ਹੈ। ਨਰਮ ਸਿਲੀਕੌਨ ਦੀ ਟਿਊਬ ਨੂੰ ਕਾਲੇ ਵੀਲ ਦੇ ਦੁਆਲੇ ਲਪੇਟੋ ਅਤੇ ਕਾਲੀ ਰਿੰਗ ਦੇ ਰਿਟੇਨਰ ਨੂੰ ਬਾਕੀ ਦੀ ਝਿਰੀ ਵਿੱਚ ਪਾਉ। ਪੰਪ ਦਾ ਮੂੰਹ ਬੰਦ ਕਰੋ।

8. ਸੱਜੇ ਪਾਸੇ ਦੇ ਹੇਠਲੇ ਖੂੰਜੇ ਵਿਚਲੇ ਪਾਵਰ ਬਟਨ ਨੂੰ ਦੱਬ ਕੇ ਪੰਪ ਨੂੰ ਔਨ ਕਰੋ। ਪਹਿਲਾਂ ਵਾਲੀ ਫੀਡਿੰਗ ਪਲੈਨ ਲਈ ਕੀਪ ਸੈਟਿੰਗਜ਼ ਚੁਣੋ ਅਤੇ ਜੇ ਤਬਦੀਲੀ ਦੀ ਲੋੜ ਹੋਵੇ ਤਾਂ ਕਲੀਅਰ ਸੈਟਿੰਗਜ਼ ਚੁਣੋ।

9. ਪੰਪ ਦਾ ਰੇਟ ਸੈੱਟ ਕਰਨ ਲਈ ਅਡਜਸਟ ਫੀਡ ਚੁਣੋ ਅਤੇ ਫਿਰ ਫੀਡ ਰੇਟ। **ਆਪਣੀ ਟਿਊਬ ਫੀਡਿੰਗ ਪਲੈਨ** ਤੋਂ ਰੇਟ (ਮਿਲੀ ਲੀਟਰ/ਪ੍ਰਤੀ ਘੰਟਾ) ਸੈੱਟ ਕਰਨ ਲਈ ਖੱਬੇ ਪਾਸੇ ਦੇ ਬਟਨ ਵਰਤੋ ਅਤੇ ਫਿਰ ਐਂਟਰ ਚੁਣੋ।

10. ਦਿੱਤਾ ਜਾਣ ਵਾਲਾ ਵੌਲੀਅਮ (ਫਾਰਮੂਲੇ ਦੀ ਮਾਤਰਾ) ਸੈੱਟ ਕਰਨ ਲਈ ਫੀਡ ਵੀ ਟੀ ਬੀ ਡੀ ਚੁਣੋ। **ਆਪਣੀ ਟਿਊਬ ਫੀਡਿੰਗ ਪਲੈਨ** ਤੋਂ ਵੌਲੀਊਮ (ਮਿਲੀ ਲੀਟਰ) ਸੈੱਟ ਕਰਨ ਲਈ ਖੱਬੇ ਪਾਸੇ ਦੇ ਬਟਨ ਵਰਤੋ ਅਤੇ ਫਿਰ ਐਂਟਰ ਚੁਣੋ।

11. ਟਿਊਬ ਦੇ ਸਿਰੇ ਤੋਂ ਢੱਕਣ ਲਾਹੋ। ਟਿਊਬ ਨੂੰ ਫਾਰਮੂਲੇ ਨਾਲ ਭਰਨ ਲਈ ਪ੍ਰਾਈਮ ਪੰਪ ਚੁਣੋ ਫਿਰ ਆਟੋ ਪ੍ਰਾਈਮ ਚੁਣੋ। ਫਾਰਮੂਲੇ ਦੇ ਟਿਊਬ ਦੇ ਅਖੀਰ `ਤੇ ਪਹੁੰਚਣ ਤੋਂ ਪਹਿਲਾਂ ਪੰਪ ਰੁਕ ਜਾਵੇਗਾ। ਹੋਲਡ ਟੂ ਪ੍ਰਾਈਮ ਫੀਡ ਦਬਾਉ ਅਤੇ ਉਨੀ ਦੇਰ ਦਬਾਈ ਰੱਖੋ ਜਿੰਨੀ ਦੇਰ ਤੱਕ ਫਾਰਮੂਲਾ ਟਿਊਬ ਦੇ ਅਖੀਰ ਤੱਕ ਨਹੀਂ ਪਹੁੰਚ ਜਾਂਦਾ। ਜਦੋਂ ਪੂਰਾ ਹੋ ਜਾਵੇ ਡਨ ਚੁਣੋ।

## ਟਿਊਬ ਰਾਹੀਂ ਖਾਣਾ ਲੈਣਾ ਸ਼ੁਰੂ ਕਰੋ Start Your Tube Feeding




1. ਸਿੱਧੇ ਹੋ ਕੇ ਬੈਠੋ। ਇਹ ਪੱਕਾ ਕਰੋ ਕਿ ਟਿਊਬ ਨਾਲ ਖਾਣਾ ਲੈਣ ਸਮੇਂ ਤੁਸੀਂ ਘੱਟੋ ਘੱਟ 30 ਡਿਗਰੀ ਦੀ ਸਥਿਤੀ `ਤੇ ਬੈਠੇ ਹੋਏ ਹੋ। ਪਿੱਠ ਭਾਰ ਸਿੱਧੇ ਲੰਮੇ ਨਾ ਪਉ।

2. **ਆਪਣੀ ਟਿਊਬ ਫੀਡਿੰਗ ਪਲੈਨ** ਅਨੁਸਾਰ ਆਪਣੀ ਟਿਊਬ ਨੂੰ ਪਾਣੀ ਨਾਲ ਫਲੱਸ਼ ਕਰੋ।

   ਏ. ਸਰਿੰਜ ਨੂੰ ਕਮਰੇ ਦੇ ਟੈਂਪਰੇਚਰ ਵਾਲੇ ਪਾਣੀ ਨਾਲ ਭਰੋ।

   ਬੀ. ਸਰਿੰਜ ਦੇ ਸਿਰੇ ਨੂੰ ਸੁਰੱਖਿਅਤ ਢੰਗ ਨਾਲ ਫੀਡਿੰਗ ਟਿਊਬ ਦੇ ਸਿਰੇ `ਤੇ ਰੱਖੋ।

   ਸੀ. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਖੋਲ੍ਹੋ। ਸਰਿੰਜ ਦੇ ਪਲੰਜਰ ਨੂੰ ਦਬਾਉ।

   ਡੀ. ਕਲੈਂਪ ਨੂੰ ਬੰਦ ਕਰੋ, ਜਾਂ ਆਪਣੀ ਟਿਊਬ ਨੂੰ ਘੁੱਟੋ ਅਤੇ ਸਰਿੰਜ ਨੂੰ ਬਾਹਰ ਕੱਢ ਲਉ।



3. ਢੱਕਣ ਨੂੰ ਲਾਹੋ ਅਤੇ ਫੀਡਿੰਗ ਟਿਊਬ ਵਿੱਚ ਪਾਉਣ ਤੋਂ ਪਹਿਲਾਂ ਫੀਡਿੰਗ ਸੈੱਟ ਦੇ ਸਿਰੇ ਨੂੰ ਅਲਕੋਹਲ ਦੀ ਵਾਈਪ ਨਾਲ ਪੂੰਝੋ।

4. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਖੋਲ੍ਹੋ।

5. ਆਪਣੀਆਂ ਫੀਡਜ਼ (ਖਾਣਾ ਲੈਣਾ) ਸ਼ੁਰੂ ਕਰਨ ਲਈ ਰਨ ਦੀ ਚੋਣ ਕਰੋ।

## ਜਦੋਂ ਤੁਹਾਡਾ ਟਿਊਬ ਰਾਹੀਂ ਖਾਣਾ ਲੈਣ ਦਾ ਕੰਮ ਮੁੱਕ ਜਾਵੇ When Your Tube Feeding is Done

1. ਆਪਣੇ ਹੱਥਾਂ ਨੂੰ ਸਾਬਣ ਅਤੇ ਨਿੱਘੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।
2. ਪਾਵਰ ਵਾਲੇ ਬਟਨ ਨੂੰ 3 ਸਕਿੰਟਾਂ ਤੱਕ ਦੱਬੀ ਰੱਖ ਕੇ ਪੰਪ ਨੂੰ ਬੰਦ ਕਰੋ।
3. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਬੰਦ ਕਰੋ।
4. ਆਪਣੀ ਟਿਊਬ ਦਾ ਢੱਕਣ ਬੰਦ ਕਰਨ ਤੋਂ ਪਹਿਲਾਂ ਫੀਡਿੰਗ ਸੈੱਟ ਦੇ ਸਿਰੇ ਨੂੰ ਡਿਸਕੁਨੈਕਟ ਕਰੋ ਅਤੇ ਅਲਕੋਹਲ ਵਾਲੀ ਵਾਈਪ ਨਾਲ ਪੂੰਝੋ।
5. **ਆਪਣੀ ਟਿਊਬ ਫੀਡਿੰਗ ਪਲੈਨ** ਅਨੁਸਾਰ ਟਿਊਬ ਨੂੰ ਪਾਣੀ ਨਾਲ ਫਲੱਸ਼ ਕਰੋ।
6. ਹਰ ਵਾਰੀ ਖਾਣਾ ਲੈਣ ਤੋਂ ਬਾਅਦ ਘੱਟੋ ਘੱਟ 60 ਮਿੰਟਾਂ ਲਈ ਸਿੱਧੇ ਆਸਣ ਵਿੱਚ ਰਹੋ।

# ਆਪਣੀ ਟਿਊਬ ਨਾਲ ਖਾਣਾ ਲੈਣ ਦੀਆਂ ਸਪਲਾਈਆਂ ਨੂੰ ਕਿਵੇਂ ਸਾਫ ਕਰਨਾ ਅਤੇ ਸੰਭਾਲਣਾ ਹੈ How to Clean and Store Your Tube Feeding Supplies

## ਸਰਿੰਜਾਂ Syringes

ਪਾਣੀ ਨਾਲ ਫਲੱਸ਼ ਕਰਨ ਲਈ ਇਕ ਸਰਿੰਜ ਵਰਤੋ ਅਤੇ ਦਵਾਈਆਂ ਲਈ ਦੂਸਰੀ। ਹਰ ਵਾਰੀ ਵਰਤਣ ਤੋਂ ਬਾਅਦ ਸਰਿੰਜਾਂ ਨੂੰ ਵੱਖ ਵੱਖ ਕਰੋ ਅਤੇ ਸਾਬਣ ਅਤੇ ਨਿੱਘੇ ਪਾਣੀ ਨਾਲ ਸਾਫ ਕਰੋ ਅਤੇ ਚੰਗੀ ਤਰ੍ਹਾਂ ਹੰਗਾਲੋ। ਵਰਤਣ ਤੋਂ ਬਾਅਦ ਸਰਿੰਜਾਂ ਨੂੰ ਹਵਾ ਨਾਲ ਸੁੱਕਣ ਦਿਉ।

ਸਰਿੰਜਾਂ ਉਨੀ ਦੇਰ ਤੱਕ ਵਰਤੀਆਂ ਜਾ ਸਕਦੀਆਂ ਹਨ, ਜਿੰਨੀ ਦੇਰ ਤੱਕ ਠੀਕ ਤਰ੍ਹਾਂ ਕੰਮ ਕਰਦੀਆਂ ਹੋਣ। ਜੇ ਸਰਿੰਜਾਂ ਵਿੱਚ ਤ੍ਰੇੜ ਪੈ ਜਾਵੇ ਜਾਂ ਉਹ ਨੁਕਸਾਨੀਆਂ ਜਾਣ ਤਾਂ ਉਨ੍ਹਾਂ ਨੂੰ ਸੁੱਟ ਦਿਉ।

## ਫਾਰਮੂਲਾ Formula

ਫਾਰਮੂਲੇ ਦੇ ਅਣਖੋਲ੍ਹੇ ਬੈਗਾਂ ਨੂੰ ਕਮਰੇ ਦੇ ਟੈਂਪਰੇਚਰ `ਤੇ ਸੁੱਕੇ ਥਾਂ `ਤੇ ਰੱਖਣਾ ਚਾਹੀਦਾ ਹੈ।

ਸਪਾਈਕ ਰਾਈਟ ਦੇ ਫਾਰਮੂਲੇ ਦੇ ਬੈਗਾਂ ਲਈ:

- ਫਾਰਮੂਲੇ ਨੂੰ ਸਟੋਰ ਕਰਨ ਲਈ ਬਣਾਉਣ ਵਾਲੇ ਦੀਆਂ ਸੇਧਾਂ ਦੀ ਪਾਲਣਾ ਕਰੋ।
- ਫਾਰਮੂਲੇ `ਤੇ ਉਸ ਵਿੱਚ ਛੇਕ ਕਰਨ ਦੀ ਤਰੀਕ ਅਤੇ ਸਮਾਂ ਲਿਖੋ।
- ਫਾਰਮੂਲੇ ਦੇ ਛੇਕਾਂ ਵਾਲੇ ਬੈਗ ਕਮਰੇ ਦੇ ਟੈਂਪਰੇਚਰ `ਤੇ 48 ਘੰਟਿਆਂ ਲਈ ਸਟੋਰ ਕੀਤੇ ਜਾ ਸਕਦੇ ਹਨ। 48 ਘੰਟਿਆਂ ਬਾਅਦ ਬਚੇ ਹੋਏ ਫਾਰਮੂਲੇ ਨੂੰ ਸੁੱਟ ਦਿਉ।
- 48 ਘੰਟਿਆਂ ਬਾਅਦ ਫਾਰਮੂਲੇ ਦੇ ਬੈਗ ਦੇ ਨਾਲ ਟਿਊਬਾਂ ਦੇ ਸੈੱਟ ਨੂੰ ਵੀ ਸੁੱਟ ਦਿਉ। ਟਿਊਬਾਂ ਦੇ ਸੈੱਟ ਨੂੰ ਦੁਬਾਰਾ ਨਾ ਵਰਤੋ।

## ਪੰਪ Pump

**<u>ਵਾਰਨਿੰਗ:</u>** ਪੰਪ ਨੂੰ ਸਾਫ ਕਰਨ ਤੋਂ ਪਹਿਲਾਂ ਹਮੇਸ਼ਾਂ ਇਹ ਪੱਕਾ ਕਰੋ ਕਿ ਪੰਪ **<u>ਬੰਦ ਕਰ ਦਿੱਤਾ ਗਿਆ ਹੈ</u>** ਅਤੇ **<u>ਏ ਸੀ ਦਾ ਅਡਾਪਟਰ ਪਾਵਰ ਦੀ ਆਊਟਲੈੱਟ ਤੋਂ ਡਿਸਕੁਨੈਕਟ</u>** ਕਰ ਦਿੱਤਾ ਗਿਆ ਹੈ। **ਪੰਪ ਜਾਂ ਏ ਸੀ ਦੇ ਅਡਾਪਟਰ ਨੂੰ ਪਾਣੀ ਜਾਂ ਸਾਫ ਕਰਨ ਵਾਲੇ ਕਿਸੇ ਘੋਲ ਵਿੱਚ ਨਾ ਡੋਬੋ। ਰੋਟਰ ਨੂੰ ਵੱਖ ਨਾ ਕਰੋ। ਸਾਫ ਕਰਨ ਤੋਂ ਬਾਅਦ ਪੰਪ ਨੂੰ ਉਨੀ ਦੇਰ ਲਈ ਪਲੱਗ ਵਿੱਚ ਨਾ ਲਾਉ ਜਾਂ ਨਾ ਵਰਤੋ ਜਿੰਨੀ ਦੇਰ ਤੱਕ ਸਾਰੇ ਪਾਰਟ ਪੂਰੀ ਤਰ੍ਹਾਂ ਸੁੱਕ ਨਹੀਂ ਜਾਂਦੇ।**

ਜਦੋਂ ਵੀ ਫਾਰਮੂਲਾ ਡੁੱਲ੍ਹ ਜਾਵੇ ਤਾਂ ਉਸ ਤੋਂ ਬਾਅਦ ਪੰਪ ਨੂੰ ਸਾਫ ਕਰਨਾ ਚਾਹੀਦਾ ਹੈ। ਪੰਪ ਨੂੰ ਸਾਬਣ (ਭਾਂਡੇ ਧੋਣ ਵਾਲੇ ਆਮ ਸਾਬਣ) ਵਾਲੇ ਆਮ ਨਿੱਘੇ ਪਾਣੀ ਅਤੇ ਨੌਨ-ਅਬਰੇਸਿਵ (ਰਗੜ ਨਾ ਲਾਉਣ ਵਾਲੇ) ਸਪੰਜ ਜਾਂ ਨਰਮ ਕੱਪੜੇ ਨਾਲ ਸਾਫ ਕੀਤਾ ਜਾ ਸਕਦਾ ਹੈ। ਵਰਤਣ ਤੋਂ ਪਹਿਲਾਂ ਪੰਪ ਨੂੰ ਸਾਫ ਕੱਪੜੇ ਨਾਲ ਚੰਗੀ ਤਰ੍ਹਾਂ ਸੁਕਾਉ। ਸਾਫ ਕਰਨ ਦੀਆਂ ਹੋਰ ਚੋਣਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਉਪਰੇਟਰਜ਼ ਮੈਨੂਅਲ ਦੇਖੋ।

## ਆਪਣੇ ਫੀਡਿੰਗ ਪੰਪ ਨੂੰ ਵਰਤਣ ਬਾਰੇ ਹੋਰ ਜਾਣਕਾਰੀ ਲਈ
## For More Information on Using Your Feeding Pump

ਕਿਰਪਾ ਕਰਕੇ ਹੇਠਾਂ ਦਿੱਤੇ ਵੈੱਬਸਾਈਟ `ਤੇ ਜਾਉ:
https://www.cardinalhealth.ca/en/nutritional-delivery/kangaroo-educational-page/
ਜਾਂ ਵੈੱਬਸਾਈਟ `ਤੇ ਜਾਣ ਲਈ ਇਹ ਕਿਊ ਆਰ ਕੋਡ ਵਰਤੋ।

Making better decisions together with patients and families

ਹੋਰ ਕਾਪੀਆਂ ਲੈਣ ਲਈ **http://vch.eduhealth.ca** `ਤੇ
ਜਾਉ ਜਾਂ **phem@vch.ca** `ਤੇ ਈਮੇਲ ਕਰੋ ਅਤੇ ਕੈਟਾਲੌਗ ਦਾ ਨੰਬਰ **BB.210.H63.PU**
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਸਤੰਬਰ 2022

ਇਸ ਲਿਖਤ ਵਿੱਚ ਦਿੱਤੀ ਗਈ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ,
ਜਿਸ ਨੂੰ ਇਹ ਹੈਲਥ ਕੇਅਰ ਟੀਮ ਵੱਲੋਂ ਦਿੱਤੀ ਗਈ ਹੈ।
**www.vch.ca**

ਕਿਰਪਾ ਕਰ ਕੇ ਇਸ QR ਕੋਡ ਨੂੰ ਸਕੈਨ ਕਰ ਕੇ ਅਨੁਵਾਦ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।